Government of Canada | Gouvernement du Canada

# ਰਸਾਇਣ ਅਤੇ ਬੱਚਿਆਂ ਦੀ ਸਿਹਤ

## ਰਸਾਇਣ ਕੀ ਹੁੰਦੇ ਹਨ

ਰਸਾਇਣ ਉਹ ਬੁਨਿਆਦੀ ਬਿਲਡਿੰਗ ਬਲਾਕਸ ਹੁੰਦੇ ਹਨ ਜੋ ਧਰਤੀ 'ਤੇ ਸਾਰੀਆਂ ਜੀਵਤ ਅਤੇ ਨਿਰ-ਜੀਵ ਵਸਤਾਂ ਨੂੰ ਬਣਾਉਂਦੇ ਹਨ। ਕਈ ਰਸਾਇਣ ਵਾਤਾਵਰਨ ਵਿੱਚ ਕੁਦਰਤੀ ਤੌਰ 'ਤੇ ਹੁੰਦੇ ਹਨ, ਅਤੇ ਸਾਡੇ ਹਵਾ, ਪਾਣੀ, ਖੁਰਾਕ ਅਤੇ ਘਰਾਂ ਵਿੱਚ ਮਿਲ ਸਕਦੇ ਹਨ। ਕੁਝ ਰਸਾਇਣ ਬਣਾਉਟੀ ਹੁੰਦੇ ਹਨ ਅਤੇ ਉਨ੍ਹਾਂ ਦਾ ਇਸਤੇਮਾਲ ਦਵਾਈਆਂ ਤੋਂ ਲੈ ਕੇ ਕੰਪੀਊਟਰਾਂ ਤਕ ਅਤੇ ਕਪੜਿਆਂ ਅਤੇ ਬਾਲਣਾਂ ਲਈ ਰੋਜ਼ਾਨਾ ਦੇ ਉਤਪਾਦਾਂ ਵਿੱਚ ਕੀਤਾ ਜਾਂਦਾ ਹੈ। ਦੂਜੇ ਰਸਾਇਣ ਸੋਚ-ਵਿਚਾਰ ਕੇ ਨਹੀਂ ਬਣਾਏ ਜਾਂਦੇ ਬਲਕਿ ਉਹ ਰਸਾਇਣਿਕ ਪ੍ਰਕਿਰਿਆਵਾਂ ਦੀ ਗੌਣ ਉਪਜ ਹੁੰਦੇ ਹਨ।

ਕਈ ਰਸਾਇਣਾਂ ਦਾ ਇਸਤੇਮਾਲ ਸਾਡੀ ਜ਼ਿੰਦਗੀ ਦੇ ਸਤਰ ਵਿੱਚ ਸੁਧਾਰ ਕਰਨ ਲਈ ਕੀਤਾ ਜਾਂਦਾ ਹੈ ਅਤੇ ਜ਼ਿਆਦਾ ਤਰ ਵਾਤਾਵਰਨ ਜਾਂ ਮਨੁੱਖੀ ਸਿਹਤ ਲਈ ਨੁਕਸਾਨਦੇਹ ਨਹੀਂ ਹੁੰਦੇ। ਐਪਰ, ਕੁਝ ਰਸਾਇਣ ਕੁਝ ਹੱਦ ਤਕ ਨੁਕਸਾਨ ਪਹੁੰਚਾਉਣ ਦੀ ਸਮਰਥਾ ਰੱਖਦੇ ਹਨ, ਅਤੇ ਸਿਰਫ ਉਸ ਵੇਲੇ ਹੀ ਇਸਤੇਮਾਲ ਕਰਨੇ ਚਾਹੀਦੇ ਹਨ ਜਦੋਂ ਉਨ੍ਹਾਂ ਦੇ ਜੋਖਮਾਂ ਦਾ ਢੁਕਵੇਂ ਢੰਗ ਨਾਲ ਪ੍ਰਬੰਧਨ ਕਰ ਲਿਆ ਜਾਵੇ।

## ਬੱਚੇ ਸੰਭਾਵਤ ਤੌਰ 'ਤੇ ਜ਼ਿਆਦਾ ਕਮਜ਼ੋਰ ਕਿਉਂ ਹੁੰਦੇ ਹਨ

ਬੱਚੇ ਵਾਤਾਵਰਨ ਵਿੱਚ ਪਾਏ ਜਾਂਦੇ ਰਸਾਇਣਾਂ ਪ੍ਰਤੀ ਬਾਲਗਾਂ ਦੇ ਮੁਕਾਬਲੇ ਜ਼ਿਆਦਾ ਕਮਜ਼ੋਰ ਹੁੰਦੇ ਹਨ ਕਿਉਂਕਿ:

- ਬੱਚੇ ਆਪਣੇ ਸਰੀਰ ਦੇ ਭਾਰ ਦੀ ਤੁਲਨਾ ਵਿੱਚ ਜ਼ਿਆਦਾ ਹਵਾ, ਪਾਣੀ ਅਤੇ ਭੋਜਨ ਲੈਂਦੇ ਹਨ।
- ਬੱਚਿਆਂ ਦੇ ਸਰੀਰ ਅਤੇ ਸਰੀਰਕ ਪ੍ਰਣਾਲੀਆਂ ਅਜੇ ਵਿਕਸਿਤ ਹੋ ਰਹੀਆਂ ਹੁੰਦੀਆਂ ਹਨ ਅਤੇ ਹੋ ਸਕਦਾ ਹੈ ਉਹ ਕੁਝ ਰਸਾਇਣਾਂ ਨੂੰ ਹਜਮ ਕਰਨ ਜਾਂ ਉਹਨਾਂ ਨੂੰ ਬਾਹਰ ਕੱਢਣ ਵਿੱਚ ਘੱਟ ਸਮਰੱਥ ਹੋਣ। ਇਹ ਉਨ੍ਹਾਂ ਨੂੰ ਇਨ੍ਹਾਂ ਪਦਾਰਥਾਂ ਤੋਂ ਨੁਕਸਾਨ ਪ੍ਰਤੀ ਜ਼ਿਆਦਾ ਸੰਵੇਦਨਸ਼ੀਲ ਬਣਾ ਸਕਦਾ ਹੈ।
- ਗਰਭਕਾਲ ਜਾਂ ਬਾਲਪਨ ਦੌਰਾਨ, ਜਦੋਂ ਬੱਚੇ ਵਿਕਾਸਾਤਮਕ ਪ੍ਰਭਾਵਾਂ ਪ੍ਰਤੀ ਸੰਵੇਦਨਸ਼ੀਲ ਹੋਣ, ਕੁਝ ਵਾਤਾਵਰਨਿਕ ਰਸਾਇਣਾਂ ਦਾ ਸੰਪਰਕ ਉਨ੍ਹਾਂ ਦੀ ਸਿਹਤ 'ਤੇ ਕੁਪ੍ਰਭਾਵ ਛੱਡ ਸਕਦਾ ਹੈ।
- ਬੱਚੇ ਜਦੋਂ ਰਿੜ੍ਹਦੇ ਹਨ ਤਾਂ ਸਤਹਾਂ ਨਾਲ ਸਿੱਧੇ ਸੰਪਰਕ ਵਿੱਚ ਜ਼ਿਆਦਾ ਸਮਾਂ ਬਿਤਾਉਂਦੇ ਹਨ ਅਤੇ ਅਕਸਰ ਚੀਜ਼ਾਂ (ਖਿਡੌਣੇ, ਮਿੱਟੀ ਆਦਿ) ਆਪਣੇ ਮੂੰਹ ਵਿੱਚ ਪਾ ਲੈਂਦੇ ਹਨ। ਇਨ੍ਹਾਂ ਦੋਵੇਂ ਚਲਣਾਂ ਦਾ ਮਤਲਬ ਹੈ ਕਿ ਉਹ ਸਬੱਬੀਂ ਨੁਕਸਾਨਦੇਹ ਰਸਾਇਣਾਂ ਨੂੰ ਅੰਦਰ ਲੰਘਾ ਸਕਦੇ ਹਨ।
- ਛੋਟੇ ਬੱਚੇ ਬਾਲਗਾਂ ਦੇ ਮੁਕਾਬਲੇ ਘੱਟ ਵਿਵਿਧਤਾ ਵਾਲਾ ਭੋਜਨ ਲੈਣ ਵਿੱਚ ਰੁਚਿਤ ਹੁੰਦੇ ਹਨ। ਨਤੀਜੇ ਵੱਜੋਂ, ਉਹ ਸਰੀਰਕ ਵਜਨ ਦੇ ਅਧਾਰ 'ਤੇ, ਕੁਝ ਕੁ ਭੋਜਨਾਂ ਦੀ ਜ਼ਿਆਦਾ ਮਾਤਰਾ ਖਾ ਸਕਦੇ ਹਨ। ਇਸ ਅਨੂਠੀ ਖੁਰਾਕ ਦੇ ਨਤੀਜੇ ਵੱਜੋਂ ਕੁਝ ਰਸਾਇਣਾਂ ਨਾਲ ਵੱਧ ਸੰਪਰਕ ਹੋ ਸਕਦਾ ਹੈ, ਜੇ ਖੁਰਾਕ ਵਿੱਚ ਮੌਜੂਦ ਹੋਣ।
- ਛੋਟੀ ਉਮਰ ਤੋਂ ਸ਼ੁਰੂ ਹੋਇਆ ਵਾਤਾਵਰਨਿਕ ਰਸਾਇਣਾਂ ਨਾਲ ਸੰਪਰਕ ਸੰਭਾਵਤ ਤੌਰ 'ਤੇ ਜ਼ਿੰਦਗੀ ਭਰ ਲਈ ਲੰਬੇ ਸਮੇਂ ਦੇ ਸਮੂਹਕ ਸੰਪਰਕਾਂ ਵੱਲ ਲਿਜਾ ਸਕਦਾ ਹੈ ਜਿਸ ਦੇ ਨਤੀਜੇ ਵੱਜੋਂ ਪ੍ਰਭਾਵ ਪੈਦਾ ਹੋ ਸਕਦੇ ਹਨ। ਕੁਝ ਬਚਪਨ ਦੇ ਸੰਪਰਕ ਬਾਲਗ ਉਮਰ ਵਿੱਚ ਸਿਹਤ 'ਤੇ ਪ੍ਰਭਾਵ ਪਾ ਸਕਦੇ ਹਨ।
- ਬੱਚੇ ਪ੍ਰਮੁੱਖ ਤੌਰ 'ਤੇ ਅਣਜਾਣ ਹੁੰਦੇ ਹਨ ਅਤੇ ਉਨ੍ਹਾਂ ਦਾ ਉਸ ਖਤਰੇ ਪ੍ਰਤੀ ਜਿਸ ਦੇ ਉਹ ਸੰਪਰਕ ਵਿੱਚ ਆ ਸਕਦੇ ਹਨ ਘੱਟ ਤੋਂ ਘੱਟ ਜਾਂ ਮਾਮੂਲੀ ਜਿਹਾ ਕੰਟਰੋਲ ਹੁੰਦਾ ਹੈ।

ਪ੍ਰਕਾਸ਼ਨ ਦੀ ਮਿਤੀ: ਨਵੰਬਰ 2009

Canada

## ਬੱਚਿਆਂ ਦੇ ਕਿਹੜੇ ਸਿਹਤ ਜੋਖਮ ਰਸਾਇਣਾਂ ਨਾਲ ਜੁੜੇ ਹਨ

ਬੱਚੇ ਜਿਸ ਮਾਹੌਲ ਵਿੱਚ ਰਹਿੰਦੇ, ਸਿੱਖਦੇ ਅਤੇ ਖੇਲਦੇ ਹਨ, ਚਾਰਦਿਵਾਰੀ ਦੇ ਅੰਦਰ ਅਤੇ ਖੁਲ੍ਹੀ ਹਵਾ ਵਿੱਚ, ਪਾਣੀ, ਮਿੱਟੀ, ਘਰ ਦੀ ਧੂੜ, ਖੁਰਾਕ ਅਤੇ ਖਪਤਕਾਰ ਉਤਪਾਦਾਂ ਵਿੱਚਲੇ ਰਸਾਇਣਾਂ ਦੇ ਸੰਪਰਕ ਵਿੱਚ ਆ ਸਕਦੇ ਹਨ। ਇਸ ਤੋਂ ਇਲਾਵਾ ਗਰਭ ਦੇ ਦੌਰਾਨ ਭਰੂਣ ਰਸਾਇਣਾਂ ਦੇ ਸੰਪਰਕ ਵਿੱਚ ਆ ਸਕਦਾ ਹੈ, ਕਿਉਂਕਿ ਕੁਝ ਰਸਾਇਣ ਜੇਰ ਨੂੰ ਪਾਰ ਕਰ ਸਕਦੇ ਹਨ। ਦੁੱਧ ਪੀਂਦੇ ਬਾਲਾਂ ਨੂੰ ਵੀ ਛਾਤੀ ਦੇ ਦੁੱਧ ਵਿੱਚ ਮੌਜੂਦ ਰਸਾਇਣਾਂ ਨਾਲ ਸੰਪਰਕ ਦਾ ਖਤਰਾ ਹੋ ਸਕਦਾ ਹੈ।

ਕਿਸੇ ਖਾਸ ਰਸਾਇਣ ਨਾਲ ਜੁੜੇ ਸਿਹਤ ਜੋਖਮ ਉਸਦੇ ਖਤਰੇ (ਸਿਹਤ ਪ੍ਰਭਾਵਾਂ ਨੂੰ ਉਤਪੰਨ ਕਰਨ ਦੀ ਯੋਗਤਾ) ਅਤੇ ਖੁਰਾਕ (ਰਸਾਇਣ ਦੀ ਮਾਤਰਾ ਜਿਸ ਦੇ ਸੰਪਰਕ ਵਿੱਚ ਤੁਸੀਂ ਆਉਂਦੇ ਹੋ) 'ਤੇ ਨਿਰਭਰ ਕਰਦੇ ਹਨ। ਸੰਪਰਕ ਦਾ ਸਮਾਂ ਵੀ ਬਹੁਤ ਅਹਿਮ ਹੈ। ਮਿਸਾਲ ਦੇ ਤੌਰ 'ਤੇ, ਗਰਭ ਦੇ ਕੁਝ ਖਾਸ ਪੜਾਂ ਨੂੰ ਹੁਣ ਕੁਝ ਰਸਾਇਣਾਂ ਦੇ ਪ੍ਰਭਾਵਾਂ ਲਈ ਗ੍ਰਹਿਣਸ਼ੀਲਤਾ ਦੀਆਂ ਨਾਜ਼ਕ ਖਿੜਕੀਆਂ ਮੰਨਿਆ ਜਾਂਦਾ ਹੈ। ਰਸਾਇਣਾਂ ਦੇ ਸੰਪਰਕ ਨੂੰ ਘਟਾਉਣ ਲਈ ਕਿਰਪਾ ਕਰਕੇ ਇਸ ਫੈਕਟ ਸ਼ੀਟ ਦੇ ''ਬੱਚਿਆਂ ਦੀ ਸਿਹਤ ਦੇ ਬਚਾਅ ਲਈ ਮੈਂ ਕੀ ਕਰ ਸਕਦਾ ਹਾਂ'' ਹਿੱਸੇ ਨੂੰ ਦੇਖੋ।

## ਰਸਾਇਣਾਂ ਤੋਂ ਸੰਭਾਵੀ ਜੋਖਮ ਤੋਂ ਬੱਚਿਆਂ ਦੀ ਸਿਹਤ ਨੂੰ ਬਚਾਉਣ ਲਈ ਸਰਕਾਰ ਕੀ ਕਰ ਰਹੀ ਹੈ

ਕੈਨੇਡਾ ਸਰਕਾਰ ਕੈਨੇਡਾ ਵਾਸੀਆਂ ਦੀ ਸਿਹਤ ਦੇ ਬਚਾਅ ਲਈ ਅਹਿਮ ਭੂਮਿਕਾ ਨਿਭਾਉਂਦੀ ਹੈ। ਕੈਨੇਡਾ ਵਿੱਚ ਰਸਾਇਣਾਂ ਦੇ ਉਤਪਾਦਨ, ਆਯਾਤ ਅਤੇ ਇਸਤੇਮਾਲ ਨੂੰ *ਕੈਨੇਡੀਅਨ ਇਨਵਾਇਰਨਮੈਂਟਲ ਪ੍ਰੋਟੈਕਸ਼ਨ ਐਕਟ,* 1999, *ਹਜ਼ਾਰਡਸ ਪ੍ਰੋਡਕਟਸ ਐਕਟ, ਫੂਡ ਐਂਡ ਡਰੱਗ ਐਕਟ,* ਅਤੇ *ਪੈਸਟ ਕੰਟਰੋਲ ਪ੍ਰੋਡਕਟਸ ਐਕਟ* ਸਮੇਤ ਕਈ ਕਨੂੰਨਾਂ ਦੁਆਰਾ ਨਿਯਮਿਤ ਕੀਤਾ ਜਾਂਦਾ ਹੈ।

ਸੰਨ 2006 ਵਿੱਚ ਕੈਨੇਡਾ ਸਰਕਾਰ ਨੇ ਕੈਨੇਡਾਵਾਸੀਆਂ ਅਤੇ ਉਨ੍ਹਾਂ ਦੇ ਵਾਤਾਵਰਨ ਨੂੰ ਨੁਕਸਾਨਦੇਹ ਰਸਾਇਣਾਂ ਦੇ ਸੰਪਰਕ ਤੋਂ ਬਚਾਉਣ ਲਈ ਆਪਣੀ ਭੂਮਿਕਾ ਦੇ ਹੋਰ ਵਿਸਥਾਰ ਲਈ ਰਸਾਇਣ ਪ੍ਰਬੰਧਨ ਯੋਜਨਾ (CMP) ਦੀ ਸ਼ੁਰੂਆਤ ਕੀਤੀ। ਰਸਾਇਣ ਪ੍ਰਬੰਧਨ ਯੋਜਨਾ ਕੈਨੇਡਾ ਵਿੱਚ ਇਸਤੇਮਾਲ ਹੁੰਦੇ ਰਸਾਇਣਾਂ ਦਾ ਮੁਲਾਂਕਣ ਕਰਕੇ ਅਤੇ ਸ਼ਨਾਖਤ ਕੀਤੇ ਜੋਖਮਾਂ ਨੂੰ ਘਟਾਉਣ ਲਈ ਉਪਾਆਂ ਨੂੰ ਤੈਅ ਕਰਕੇ ਮਨੁੱਖੀ ਸਿਹਤ ਅਤੇ ਵਾਤਾਵਰਨ ਦੀ ਸੁਰੱਖਿਆ ਕਰਦੀ ਹੈ। ਮਿਸਾਲ ਦੇ ਤੌਰ 'ਤੇ, ਅਕਤੂਬਰ 2008 ਵਿੱਚ ਕੈਨੇਡਾ ਸਰਕਾਰ ਇਹ ਨਤੀਜਾ ਕੱਢਕੇ ਕਿ ਬਿਸਫੇਨੋਲ ਏ (BPA) ਮਨੁੱਖੀ ਸਿਹਤ ਅਤੇ ਵਾਤਾਵਰਨ ਲਈ ਜੋਖਮ ਪੇਸ਼ ਕਰਦਾ ਹੈ, ਦੁਨੀਆ ਦੀ ਪਹਿਲੀ ਸਰਕਾਰ ਬਣ ਗਈ ਹੈ। ਜੂਨ 2009 ਵਿੱਚ ਸਰਕਾਰ ਨੇ BPA ਵਾਲੀਆਂ ਬੱਚਿਆਂ ਦੀਆਂ ਬੋਤਲਾਂ ਦੇ ਆਯਾਤ, ਵਿਕਰੀ ਅਤੇ ਇਸ਼ਤਿਹਾਰ 'ਤੇ ਪਾਬੰਦੀ ਲਗਾਉਣ ਲਈ ਵਿਧਾਨ ਪੇਸ਼ ਕੀਤੇ। ਸਰਕਾਰ ਵੱਲੋਂ ਛੋਟੇ ਬੱਚਿਆਂ ਦੇ ਫਾਰਮੂਲਾ ਡੱਬਿਆਂ ਵਿੱਚ ਸ਼ਾਮਲ BPA ਦੀ ਮਾਤਰਾ ਨੂੰ ਘਟਾਉਣ ਲਈ ਉਦਯੋਗ ਨਾਲ ਕੰਮ ਕਰ ਰਹੀ ਹੈ।

ਕਿਉਂਕਿ ਰਸਾਇਣ ਪ੍ਰਬੰਧਨ ਯੋਜਨਾ ਦਾ ਪ੍ਰਬੰਧ ਵਾਤਾਵਰਨ ਕੈਨੇਡਾ ਅਤੇ ਸਿਹਤ ਕੈਨੇਡਾ ਵੱਲੋਂ ਸਾਂਝੇ ਤੌਰ 'ਤੇ ਕੀਤਾ ਜਾਂਦਾ ਹੈ, ਇਸ ਲਈ ਰਸਾਇਣ ਪ੍ਰਬੰਧਨ ਯੋਜਨਾ ਇੱਕ ਬਹੁਤ ਹੀ ਏਕੀਕ੍ਰਿਤ ਪ੍ਰੋਗਰਾਮ ਹੈ ਜੋ ਉਪਰ ਦਿੱਤੇ ਗਏ ਵੱਖ ਵੱਖ ਢਾਂਚਿਆਂ ਦੇ ਤਹਿਤ ਵਾਤਾਵਰਨਿਕ ਅਤੇ ਸਿਹਤ ਜੋਖਮਾਂ ਨਾਲ ਨਜਿੱਠਦਾ ਹੈ।

ਰਸਾਇਣਿਕ ਪਦਾਰਥਾਂ ਤੋਂ ਹੋਣ ਵਾਲੇ ਸੰਭਾਵੀ ਜੋਖਮਾਂ ਦਾ ਮੁਲਾਂਕਣ ਕਰਦਿਆਂ ਸਮੇਂ, ਉਨ੍ਹਾਂ ਵੱਖ ਵੱਖ ਤਰੀਕਿਆਂ ਬਾਰੇ ਵਿਚਾਰ ਕੀਤਾ ਜਾਂਦਾ ਹੈ ਜਿਨ੍ਹਾਂ ਜ਼ਰੀਏ ਬੱਚੇ ਸੰਪਰਕ ਵਿੱਚ ਆ ਸਕਦੇ ਹਨ। ਬੱਚਿਆਂ ਦੀ ਉਨ੍ਹਾਂ ਦੇ ਸੰਪਰਕ ਵਿੱਚ ਆ ਸਕਨ ਦੀ ਸੰਭਾਵਨਾ ਹੋਣ ਕਰਕੇ ਕੁਝ ਰਸਾਇਣ ਹੋਰਨਾਂ ਦੇ ਮੁਕਾਬਲੇ ਜ਼ਿਆਦਾ ਚਿੰਤਾ ਦਾ ਕਾਰਨ ਹੋ ਸਕਦੇ ਹਨ।

ਕੈਨੇਡਾ ਸਰਕਾਰ ਨੁਕਸਾਨਦੇਹ ਰਸਾਇਣਾਂ ਦੇ ਜੋਖਮਾਂ ਨੂੰ ਘਟਾਉਣ ਵਿੱਚ ਮਦਦ ਲਈ ਪ੍ਰਾਂਤਾਂ ਅਤੇ ਮਿਉਨਸਿਪਲਟੀਆਂ ਨਾਲ ਮਿਲ ਕੇ ਕੰਮ ਕਰਦੀ ਹੈ। ਇਸ ਤੋਂ ਇਲਾਵਾ, ਪ੍ਰਦੂਸ਼ਨ ਸਰਹੱਦਾਂ 'ਤੇ ਨਹੀਂ ਰੁਕਦਾ, ਇਸ ਲਈ ਕੈਨੇਡਾ ਸਰਕਾਰ ਰਸਾਇਣਾਂ ਦੇ ਸੁਰੱਖਿਅਤ ਪ੍ਰਬੰਧਨ ਦੇ ਲਈ ਦ੍ਰਿੜ੍ਹ ਅੰਤਰਰਾਸ਼ਟਰੀ ਅਤੇ ਖੇਤਰੀ ਪਹੁੰਚ ਦੀ ਉਸਾਰੀ ਲਈ ਹੋਰਨਾਂ ਦੇਸ਼ਾਂ ਨਾਲ ਕੰਮ ਕਰਦੀ ਹੈ।

ਵਿਗਿਆਨ ਪ੍ਰਗਤੀ ਕਰਦਾ ਰਹਿੰਦਾ ਹੈ, ਅਤੇ ਇਸ ਪ੍ਰਕਿਰਿਆ ਦੇ ਦੌਰਾਨ ਕੈਨੇਡਾ ਸਰਕਾਰ ਨੂੰ ਬੱਚਿਆਂ ਅਤੇ ਬਾਲਗਾਂ ਨੂੰ ਰਸਾਇਣਾਂ ਦੇ ਸੰਪਰਕ ਤੋਂ ਬਚਾਉਣ ਲਈ ਨਵੀਂ ਜਾਣਕਾਰੀ ਦਿੰਦਾ ਹੈ।

## ਬੱਚਿਆਂ ਦੀ ਸਿਹਤ ਦੇ ਬਚਾਅ ਲਈ ਮੈਂ ਕੀ ਕਰ ਸਕਦਾ ਹਾਂ

ਬੱਚਿਆਂ ਦੇ ਸੰਪਰਕ ਨੂੰ ਘਟਾਉਣ ਦੀ ਸਭ ਤੋਂ ਅਸਾਨ ਜਗ੍ਹਾ ਘਰ ਵਿੱਚ ਹੁੰਦੀ ਹੈ ਜਿੱਥੇ ਰਸਾਇਣ ਜਿਵੇਂ ਕਿ ਸਫਾਈ ਵਾਲੇ ਤਰਲ ਅਤੇ ਪਾਊਡਰ, ਪਾਲਿਸ਼ਾਂ, ਨਾਲੀਆਂ ਦੀ ਸਫਾਈ ਕਰਨ ਵਾਲੇ ਪਦਾਰਥ, ਪੇਂਟ ਨੂੰ ਪਤਲਾ ਕਰਨ ਵਾਲੇ ਪਦਾਰਥ, ਸ਼ੀਸ਼ੇ ਸਾਫ ਕਰਨ ਵਾਲੇ ਤਰਲ ਅਤੇ ਕੀੜੇਮਾਰ ਦਵਾਈਆਂ ਅਸਾਨੀ ਨਾਲ ਮਿਲ ਜਾਂਦੀਆਂ ਹਨ।

1. ਸਾਰੇ ਰਸਾਇਣਿਕ ਅਤੇ ਡਰਗ ਉਤਪਾਦਾਂ ਨੂੰ ਬੱਚਿਆਂ ਦੀ ਨਜ਼ਰ ਅਤੇ ਪਹੁੰਚ ਤੋਂ ਦੂਰ ਰੱਖੋ।
2. ਲੇਬਲਾਂ ‘ਤੇ ਚੇਤਾਵਨੀਆਂ ਨੂੰ ਪੜ੍ਹੋ ਅਤੇ ਪੈਕੇਜ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ।
3. ਇਹ ਯਕੀਨੀ ਬਣਾਉ ਕਿ ਬੱਚਿਆਂ ਲਈ ਵਰਜਿਤ ਕਨਟੇਨਰ ਕੰਮ ਕਰਦੇ ਹੋਣ ।
4. ਘੋਲਨ਼ ਵਾਲੀਆਂ ਵਸਤਾਂ ਦਾ ਇਸਤੇਮਾਲ ਚੰਗੇ ਹਵਾਦਾਰ ਖੇਤਰਾਂ ਵਿੱਚ ਕਰੋ ਅਤੇ ਕਦੇ ਵੀ ਰਸਾਇਣਾਂ ਨੂੰ ਇਕੱਠਿਆਂ ਨਾ ਰਲਾਓ ਕਿਉਂਕਿ ਕੁਝ ਘੋਲਂ ਨੁਕਸਾਨਦੇਹ ਗੈਸਾਂ ਪੈਦਾ ਕਰ ਸਕਦੇ ਹਨ।
5. ਘਰੇਲੂ ਰਸਾਇਣਾਂ, ਕੀੜੇਮਾਰ ਦਵਾਈਆਂ, ਡਰਗ ਉਤਪਾਦਾਂ ਨੂੰ ਉਨ੍ਹਾਂ ਦੇ ਅਸਲ ਕਨਟੇਨਰਾਂ ਵਿੱਚ ਰੱਖੋ ਅਤੇ ਪੇਂਟ, ਰੋਗਨ ਅਤੇ ਹੋਰ ਅਜਿਹੇ ਉਤਪਾਦਾਂ ਨੂੰ ਢੁਕਵੇਂ ਕਨਟੇਨਰਾਂ ਵਿੱਚ ਘਰ ਤੋਂ ਦੂਰ ਬਾਹਰ ਸਟੋਰ ਕਰ ਕੇ ਰੱਖੋ।

## ਮੈਂ ਹੋਰ ਜਾਣਕਾਰੀ ਕਿੱਥੋਂ ਲੈ ਸਕਦਾ ਹਾਂ

ਰਸਾਇਣ ਪ੍ਰਬੰਧਨ ਯੋਜਨਾ, ਨਜਿੱਠੇ ਜਾਣ ਵਾਲੇ ਰਸਾਇਣਾਂ ਦੀਆਂ ਸੂਚੀਆਂ ਸਮੇਤ, ਬਾਰੇ ਹੋਰ ਜਾਣਕਾਰੀ ਲਈ ਰਸਾਇਣਿਕ ਪਦਾਰਥਾਂ ਦੀ ਵੈਬਸਾਈਟ http://www.chemicalsubstances.gc.ca ‘ਤੇ ਜਾਓ।

ਤੁਸੀਂ ਆਪਣੇ ਬੱਚਿਆਂ ਲਈ ਸਿਹਤਮੰਦ ਵਾਤਾਵਰਨ ਮੁਹੱਈਆ ਕਰਨ ਲਈ ਕੀ ਕਰ ਸਕਦੇ ਹੋ ਬਾਰੇ ਹੋਰ ਜਾਣਕਾਰੀ ਲਈ, ਸਿਹਤ ਕੈਨੇਡਾ ਦਾ ਕਿਤਾਬਚਾ *ਬੱਚਿਆਂ ਲਈ ਸਿਹਤਮੰਦ ਵਾਤਾਵਰਨ – ਤੁਸੀਂ ਕੀ ਕਰ ਸਕਦੇ ਹੋ* ਦੇਖੋ ਜੋ http://www.hc-sc.gc.ca/hl-vs/pubs/child-enfant/safe-sain/index-eng.php ‘ਤੇ ਉਪਲਭਧ ਹੈ।